40

# ਉਜਾੜ ਵਿਚ ਹੋਕਾ ਦਿੰਦੀ ਅਵਾਜ਼

## ਯੂਹੰਨਾ ਦੀ ਸੇਵਕਾਈ, ਇਕ ਨੇੜ ਝਾਤ

ਸਮਾਂ ਲਗਭਗ 26 ਈਸਵੀ; ਅਤੇ ਥਾਂ, ਯਰਦਨ ਦੇ ਪਾਰ ਬੈਤਨੀਯਾਹ ਸੀ। ਤੀਹਾਂ ਕੁ ਸਾਲਾਂ ਦਾ ਇਕ ਪ੍ਰਚਾਰਕ ਖਾਰੇ ਸਮੁੰਦਰ ਦੇ ਦੋਵੇਂ ਪਾਸੇ ਦੇ ਲੋਕਾਂ ਵਿਚ ਹਲਚਲ ਮਚਾ ਰਿਹਾ ਸੀ। ਯਾਜਕਾਂ ਅਤੇ ਲੇਵੀਆਂ ਦੀ ਇਕ ਟੋਲੀ ਉਸ ਨੂੰ ਆ ਕੇ ਪੁੱਛਣ ਲੱਗੀ, ''ਤੂੰ ਕੌਣ ਹੈਂ'' (ਯੂਹੰਨਾ 1:19)। ਉਨ੍ਹਾਂ ਦੇ ਸਵਾਲ ਪੁੱਛਣ ਦਾ ਕਾਰਣ ਸਮਝਦੇ ਹੋਏ, ਉਸ ਨੇ ਜਵਾਬ ਦਿੱਤਾ, ''ਮੈਂ ਮਸੀਹ ਨਹੀਂ ਹਾਂ'' (ਯੂਹੰਨਾ 1:20)। ਉਨ੍ਹਾਂ ਨੇ ਦਬਾਅ ਪਾਉਂਦਿਆਂ ਪੁੱਛਿਆ:

> ਫੇਰ ਕੀ ਤੂੰ ਏਲੀਯਾਹ ਹੈਂ? ਉਸ ਨੇ ਆਖਿਆ, ਮੈਂ ਨਹੀਂ ਹਾਂ। ਭਲਾ, ਤੂੰ ਉਹ ਨਬੀ ਹੈਂ? ਤਾਂ ਉਸ ਨੇ ਉੱਤਰ ਦਿੱਤਾ, ਨਹੀਂ। ਉਪਰੰਤ ਉਨ੍ਹਾਂ ਨੇ ਉਸ ਨੂੰ ਆਖਿਆ, ਫੇਰ ਤੂੰ ਕੌਣ ਹੈਂ ਤਾਂ ਜੋ ਅਸੀਂ ਆਪਣੇ ਭੇਜਣ ਵਾਲਿਆਂ ਨੂੰ ਉੱਤਰ ਦੇਈਏ? ਤੂੰ ਆਪਣੇ ਵਿਖੇ ਕੀ ਆਖਦਾ ਹੈਂ? (ਯੂਹੰਨਾ 1:21, 22)।

ਫਿਰ ਇਹ ਜਵਾਬ ਮਿਲਿਆ: ''ਮੈਂ ... ਉਜਾੜ ਵਿਚ ਇਕ ਹੋਕਾ ਦੇਣ ਵਾਲੇ ਦੀ ਅਵਾਜ਼ ਹਾਂ'' (ਯੂਹੰਨਾ 1:23)।

ਆਪਣੇ ਆਪ ਨੂੰ ''ਉਜਾੜ ਵਿਚ ਹੋਕਾ ਦੇਣ ਵਾਲੇ ਦੀ ਅਵਾਜ਼'' ਕਹਿਣ ਵਾਲਾ ਇਹ ਸ਼ਖ਼ਸ ਯੂਹੰਨਾ ਬਪਤਿਸਮਾ ਦੇਣ ਵਾਲਾ ਹੀ ਸੀ।[1] ਉਸਦੇ ਇਹ ਬੋਲ ਯਸਾਯਾਹ 40 ਤੋਂ ਲਏ ਗਏ ਹਨ, ਜਿਨ੍ਹਾਂ ਵਿਚ ਮਸੀਹਾ ਦੇ ਅੱਗੇ ਆਉਣ ਵਾਲੇ ਬਾਰੇ ਦੱਸਿਆ ਗਿਆ ਸੀ:

> ਇਕ ਅਵਾਜ਼ ਪੁਕਾਰਦੀ ਹੈ, ਉਜਾੜ ਵਿਚ ਯਹੋਵਾਹ ਦਾ ਰਾਹ ਤਿਆਰ ਕਰੋ, ਬੀਆਬਾਨ ਵਿਚ ਸਾਡੇ ਪਰਮੇਸ਼ੁਰ ਲਈ ਇਕ ਸ਼ਾਹ ਰਾਹ ਨੂੰ ਸਿੱਧਾ ਬਣਾਓ। ਹਰੇਕ ਦੂਣ ਉੱਚੀ ਕੀਤੀ ਜਾਵੇਗੀ, ਅਤੇ ਹਰੇਕ ਪਹਾੜ ਅਰ ਟਿੱਬਾ ਨੀਵਾਂ ਕੀਤਾ ਜਾਵੇਗਾ, ਖੁਰਦਲਾ ਪੱਧਰਾ ਅਰ ਖੁਰਦਲਾ ਮੈਦਾਨ ਹੋਣਗੇ (ਯਸਾਯਾਹ 40:3, 4)।[2]

ਯੂਹੰਨਾ 1:23 ਵਿਚ ''ਉਜਾੜ ਵਿਚ ਇਕ ਹੋਕਾ ਦੇਣ ਵਾਲੇ ਦੀ ਅਵਾਜ਼'' ਵਾਕ ਇਸ ਗੱਲ ਨੂੰ ਵਿਸਤਾਰ ਕਰਦਾ ਹੈ ਕਿ ਯੂਹੰਨਾ ਕੀ ਸੀ: ਪਹਿਲਾਂ ਅਤੇ ਸਭ ਤੋਂ ਪਹਿਲਾਂ, ਉਹ ਇਕ *ਅਵਾਜ਼* ਸੀ ਭਾਵ ਉਹ ਸੰਦੇਸ਼ ਲਿਆਉਣ ਵਾਲਾ ਹਰਕਾਰਾ ਸੀ। ਉਹ ਉਪਦੇਸ਼ ਨਿਰਾਲੇ ਥਾਂ ਭਾਵ *ਉਜਾੜ* ਵਿਚ ਦਿੱਤਾ ਜਾਣਾ ਸੀ। ਯੂਹੰਨਾ ਉਜਾੜ ਵਿਚ ਹੀ ਪ੍ਰਚਾਰ ਕਰਦਾ ਸੀ, ਪਰ ਯਸਾਯਾਹ 40 ਅਤੇ ਯੂਹੰਨਾ 1 ਅਧਿਆਇ ਵਿਚ ''ਉਜਾੜ'' ਤੋਂ ਭਾਵ ਚੱਟਾਨਾਂ, ਰੇਤੇ ਅਤੇ ਬਿੱਛੂਆਂ ਨਾਲ ਭਰਿਆ ਇਲਾਕਾ ਹੀ ਨਹੀਂ ਸੀ। ਯੂਹੰਨਾ ਪਾਪ ਦੇ ਉਜਾੜ ਵਿਚ ਵੀ ਪ੍ਰਚਾਰ ਕਰ ਰਿਹਾ ਸੀ। ਉਸ ਨੇ ਉੱਥੇ ਅਵਾਜ਼ ਬਣਨ ਦੀ ਜੁਰੱਅਤ ਕੀਤੀ, ਜਿੱਥੇ ਹੋਰ ਕੋਈ ਵੀ ਅਵਾਜ਼ ਖ਼ਾਮੋਸ਼ ਕਰ ਦਿੱਤੀ ਗਈ ਸੀ।

ਇਸ ਸਰਮਨ ਵਿਚ ਅਸੀਂ ਯੂਹੰਨਾ ਰਾਹੀਂ ਆਪਣੇ ਵੱਲੋਂ ਸਮੇਂ ਲਈ ਉਪਦੇਸ਼ ਦੇਣ ਦੇ ਮਹੱਤਵ ਨੂੰ ਸਮਝਣ ਲਈ ਉਸ ਦੀ ਜ਼ਿੰਦਗੀ ਦੇ ਵਿਸਤਾਰ ਵਿਚ ਰੌਸ਼ਨੀ ਪਾਵਾਂਗੇ।[3]

## ਖ਼ੁਦਗਰਜ਼ੀ ਦੇ ਉਜਾੜ ਵਿਚ ''ਆਪਣਾ ਇਨਕਾਰ ਕਰਨ ਦਾ'' ਹੋਕਾ ਦਿੰਦੀ ਅਵਾਜ਼

ਜਦ ਮੈਂ ਯੂਹੰਨਾ ਬਾਰੇ ਸੋਚਦਾ ਹਾਂ, ਤਾਂ ਮੇਰੇ ਖਿਆਲ ਵਿਚ ਤੇਜ਼ ਹਵਾ ਨਾਲ ਉਡਦੇ ਵਾਲਾ ਅਤੇ ਤਿੱਖੀ ਧੁੱਪ ਵਿਚ ਕਾਲੀ ਪਈ ਚਮੜੀ ਵਾਲਾ ਆਦਮੀ ਆਉਂਦਾ ਹੈ। ਉਹ ਊਠ ਦੇ ਵਾਲਾਂ ਨਾਲ ਬਣੇ ਕੱਪੜੇ ਪਾਉਂਦਾ ਸੀ। ਉਸ ਦੀ ਕਮਰ ਉੱਤੇ ਇਕ ਚੌੜੀ ਪੇਟੀ ਬੰਨ੍ਹੀ ਹੋਈ ਸੀ। ਉਹ ਲੋਕਾਂ ਤੋਂ ਦੂਰ ਰਹਿਣਾ ਅਤੇ ਟਿੱਡੀਆਂ[4] ਅਤੇ ਜੰਗਲੀ ਸ਼ਹਿਦ ਖਾ ਕੇ ਗੁਜ਼ਾਰਾ ਕਰਦਾ ਸੀ। ਉਹ ਆਤਮ ਤਿਆਗ ਅਤੇ ਆਤਮ ਅਨੁਸ਼ਾਸਨ ਦਾ ਸਾਰ ਸੀ।

ਅਜਿਹਾ ਆਦਮੀ ਕਿਵੇਂ ਤਿਆਰ ਹੋ ਗਿਆ? ਇਸ ਦਾ ਇਕ ਕਾਰਣ *ਖ਼ੁਦਾ ਦਾ ਭੈਅ ਰੱਖਣ ਵਾਲੇ ਮਾਤਾ ਪਿਤਾ* ਸੀ। ਉਸ ਦਾ ਪਿਤਾ ਜ਼ਕਰਯਾਹ ਇਕ ਯਾਜਕ ਸੀ: ਇਲੀਸਬਤ ਉਸਦੀ ਮਾਂ ਸੀ (ਲੂਕਾ 1:5)। ਲੂਕਾ 1:6 ਉਨ੍ਹਾਂ ਦੋਹਾਂ ਦੀ ਜ਼ਿੰਦਗੀ ਬਾਰੇ ਵਿਸਤਾਰ ਵਿਚ ਦੱਸਦਾ ਹੈ: ''ਉਹ ਦੋਵੇਂ *ਖ਼ੁਦਾ* ਦੇ ਅੱਗੇ ਧਰਮੀ ਸਨ ਅਤੇ ਪ੍ਰਭੂ ਦੇ ਸਾਰੇ ਹੁਕਮਾਂ ਅਤੇ ਬਿਧੀਆਂ ਤੇ ਨਿਰਦੋਖ ਚੱਲਦੇ ਸਨ।'' ਇਸ ਆਇਤ ਦਾ ਸਭ ਤੋਂ ਹੈਰਾਨ ਕਰਨ ਵਾਲਾ ਭਾਗ ''ਦੋਵੇਂ'' ਸ਼ਬਦ ਹੈ। ਕਈਆਂ ਦੀਆਂ ਮਾਵਾਂ ਖ਼ੁਦਾ ਦਾ ਭੈਅ ਰੱਖਣ ਵਾਲੀਆਂ ਹੁੰਦੀਆਂ ਹਨ, ਪਰ ਪਿਓ ਨਹੀਂ। ਕਿਸੇ ਦਾ ਬਾਪ ਖ਼ੁਦਾ ਦਾ ਭੈਅ ਰੱਖਣ ਵਾਲਾ ਹੁੰਦਾ ਹੈ, ਪਰ ਮਾਂ ਨਹੀਂ। ਯੂਹੰਨਾ ਦੇ ਮਾਂ ਅਤੇ ਪਿਓ ਦੋਵੇਂ ਹੀ ਪ੍ਰਭੂ ਨਾਲ ਪਿਆਰ ਰੱਖਦੇ ਅਤੇ ਉਸ ਦੇ ਹੁਕਮਾਂ ਮੁਤਾਬਕ ਚੱਲਦੇ ਸਨ। ਇਸ ਨਾਲੋਂ ਵੱਡੀ ਵਿਰਾਸਤ ਹੋਰ ਕੀ ਹੋ ਸਕਦੀ ਹੈ।[5]

*ਖ਼ੁਦਾਈ ਮਕਸਦ* ਇਕ ਹੋਰ ਕਾਰਣ ਸੀ। ਤੁਹਾਨੂੰ ਜ਼ਕਰਯਾਹ ਅਤੇ ਇਲੀਸਬਤ ਦੀ ਕਹਾਣੀ ਯਾਦ ਹੋਵੇਗੀ ਕਿ ਕਿਵੇਂ ਉਹ ਔਲਾਦ ਲਈ ਤਰਸਦੇ ਸਨ, ਕਿਵੇਂ ਫ਼ਰਿਸ਼ਤੇ ਨੇ ਜ਼ਕਰਯਾਹ ਨੂੰ ਦਰਸ਼ਨ ਦਿੱਤਾ ਅਤੇ ਅਖੀਰ ਕਿਵੇਂ ਇਲੀਸਬਤ ਦੀ ਕੁੱਖੋਂ ਯੂਹੰਨਾ ਦਾ ਜਨਮ ਹੋਇਆ।[6] ਹੈਕਲ ਵਿਚ ਬਜ਼ੁਰਗ ਯਾਜਕ ਨਾਲ ਫ਼ਰਿਸ਼ਤੇ ਦੀਆਂ ਗੱਲਾਂ ਤੇ ਮੈਂ ਧਿਆਨ ਦੁਆਉਂਦਾ ਹਾਂ:

> ਹੇ ਜ਼ਕਰਯਾਹ ਨਾ ਡਰ ਕਿਉਂ ਜੋ ਤੇਰੀ ਬੇਨਤੀ ਸੁਣੀ ਗਈ ਅਰ ਤੇਰੀ ਪਤਨੀ ਇਲੀਸਬਤ ਤੇਰੇ ਲਈ ਇਕ ਪੁੱਤਰ ਜਣੇਗੀ ਅਤੇ ਤੂੰ ਉਹ ਦਾ ਨਾਉਂ ਯੂਹੰਨਾ ਰੱਖਣਾ। ਅਰ ਤੈਨੂੰ ਖੁਸ਼ੀ ਅਤੇ ਅਨੰਦ ਹੋਵੇਗਾ ਅਰ ਬਥੇਰੇ ਉਹ ਦੇ ਜੰਮਣ ਤੋਂ ਖੁਸ਼ ਹੋਣਗੇ। ਕਿਉਂਕਿ ਉਹ ਪ੍ਰਭੂ ਦੇ ਸਨਮੁਖ ਵੱਡਾ ਹੋਵੇਗਾ ਅਤੇ ਨਾ ਮੈ, ਨਾ ਮਧ ਪੀਵੇਗਾ ਅਤੇ ਆਪਣੀ ਮਾਤਾ ਦੀ ਕੁੱਖੋਂ ਹੀ ਪਵਿੱਤਰ ਆਤਮਾ ਨਾਲ ਭਰ ਜਾਵੇਗਾ। ਅਤੇ ਇਸਰਾਏਲ ਦੀ ਉਲਾਦ ਵਿੱਚੋਂ ਬਹੁਤਿਆਂ ਨੂੰ ਉਨ੍ਹਾਂ ਦੇ ਪਰਮੇਸ਼ੁਰ ਪ੍ਰਭੂ ਦੀ ਵੱਲ ਮੋੜੇਗਾ। ਉਹ ਉਸ ਦੇ ਅੱਗੇ ਅੱਗੇ ਏਲੀਯਾਹ ਦੇ ਆਤਮਾ ਅਰ ਬਲ ਨਾਲ ਚੱਲੇਗਾ ਜੋ ਪਿਓਵਾਂ ਦੇ ਦਿਲਾਂ ਨੂੰ ਬਾਲਕਾਂ ਦੀ ਵੱਲ ਅਤੇ ਬੇਮੁਖਾਂ ਨੂੰ ਧਰਮੀਆਂ ਦੀ ਬੁੱਧ ਦੀ ਵੱਲ ਮੋੜੇ ਭਈ ਪ੍ਰਭੂ ਲਈ ਸੁਧਾਰੀ ਹੋਈ ਕੌਮ ਨੂੰ ਤਿਆਰ ਕਰੇ (ਲੂਕਾ 1:13–17)।

ਯੂਹੰਨਾ ਦੀ ਜ਼ਿੰਦਗੀ ਦੇ ਸ਼ੁਰੂ ਤੋਂ ਹੀ, ਇਸ ਤੇ ਕੋਈ ਸ਼ੱਕ ਨਹੀਂ ਸੀ ਕਿ ਉਹ ਕੌਣ ਸੀ ਅਤੇ ਜ਼ਿੰਦਗੀ ਵਿਚ ਉਸ ਦਾ ਕੀ ਮਕਸਦ ਹੋਣਾ ਸੀ। ਹਰ ਬਚੇ ਨੂੰ ਉਸਦੇ ਮਾਤਾ ਪਿਤਾ ਰਾਹੀਂ ਦੱਸਿਆ ਜਾਣਾ ਜ਼ਰੂਰੀ ਹੈ ਕਿ ਉਸ ਦੀ ਜ਼ਿੰਦਗੀ ਵਿਚ ਖ਼ੁਦਾ ਦਾ ਕੁਝ ਮਕਸਦ ਹੈ।

ਤੀਜਾ ਕਾਰਣ, *ਰੂਹਾਨੀ ਸਿਖਲਾਈ ਸੀ।* ਸਾਨੂੰ ਉਸ ਸਿਖਲਾਈ ਬਾਰੇ ਬਹੁਤ ਘੱਟ ਦੱਸਿਆ ਗਿਆ ਹੈ, ਜਦ ਕਿ ਜ਼ਕਰਯਾਹ ਅਤੇ ਇਲੀਸਬਤ ਮੁੰਡੇ ਨੂੰ ਇਹ ਦੱਸਦੇ ਰਹੇ ਕਿ ਫ਼ਰਿਸ਼ਤੇ ਨੇ ਕੀ ਕਿਹਾ ਸੀ ਅਤੇ ਉਸ ਨੂੰ ਪ੍ਰਭੂ ਨਾਲ ਪਿਆਰ ਕਰਨ ਅਤੇ ਉਸ ਦੀ ਗੱਲ ਮੰਨਣ ਲਈ ਦਲੇਰ ਕਰਦੇ ਰਹਿਣ ਦੀ ਕਲਪਨਾ ਕਰਨਾ ਮੁਸ਼ਕਿਲ ਨਹੀਂ ਹੈ। ਇੱਥੋਂ ਤਕ ਲਿਖਤ ਦੱਸਦੀ ਹੈ ਕਿ ਉਸ ਦੇ ਸ਼ੁਰੂ ਦੀ ਜ਼ਿੰਦਗੀ ਦੇ ਸਬੰਧ ਵਿਚ ਇਹ ਵਿਰਲੇ ਵਿਰਲੇ ਵਰਨਣ ਮਿਲਦੇ ਹਨ: ''ਅਤੇ ਉਹ ਬਾਲਕ ਵਧਦਾ ਅਤੇ ਆਤਮਾ ਵਿਚ ਜ਼ੋਰ ਫੜਦਾ ਗਿਆ ਅਤੇ ਇਸਰਾਏਲ ਉੱਤੇ ਆਪਣੇ ਪਰਗਟ ਹੋਣ ਦੇ ਦਿਨ

ਤੀਕਰ ਉਜਾੜ *[ਜਾਂ ਜੰਗਲ[7]]* ਵਿਚ ਰਿਹਾ'' (ਲੂਕਾ 1:80)। ਅਸੀਂ ਨਹੀਂ ਜਾਣਦੇ ਹਾਂ ਕਿ ਯੂਹੰਨਾ ਖਾਰੇ ਸਮੁੰਦਰ ਦੇ ਆਲੇ ਦੁਆਲੇ ਦੇ ਜੰਗਲੀ ਇਲਾਕੇ ਵਿਚ ਕਦੋਂ ਅਤੇ ਕਿਵੇਂ ਗਿਆ,[8] ਪਰ ਖ਼ੁਦਾ ਦੀ ਬੁੱਧ ਨੇ ਉਜਾੜ ਨੂੰ ਉਸ ਦੀ ਸਿਖਲਾਈ ਦੇ ਦਾਇਰੇ ਦੇ ਰੂਪ ਵਿਚ ਚੁਣਿਆ। ਉਸ ਅਧਾਰ ਤੇ, ਉਹ ਵੇਖ ਸਕਦਾ ਸੀ ਕਿ ਕਿਵੇਂ ਕਿਸੇ ਸਮੇਂ ਦੇ ਘਮੰਡੀ ਸਹਿਰ ਸਦੂਮ ਅਤੇ ਅਮੂਰਾਹ ਆਤਮ ਤ੍ਰਿਪਤੀ ਦੇ ਨਤੀਜਿਆਂ ਦੀਆਂ ਸੰਪੂਰਨ ਉਦਾਹਰਣਾਂ ਸਨ।[9]

ਮਾਤਾ ਪਿਤਾ ਆਪਣੇ ਬੱਚਿਆਂ ਲਈ ਚੰਗਾ ਮਾਹੌਲ ਚਾਹੁੰਦੇ ਹਨ। ਸਾਡੇ ਵਿੱਚੋਂ ਜ਼ਿਆਦਾਤਰ ਲੋਕਾਂ ਨੂੰ ਲਗਦਾ ਹੈ ਕਿ ਤੰਦਰੁਸਤੀ ਅਤੇ ਇਕਸਾਰਤਾ ਹਲਾਤ ਲਈ ''ਚੰਗਾ ਮਾਹੌਲ'' ਜ਼ਰੂਰੀ ਹੈ। ਯੂਹੰਨਾ ਦਾ ਪਹਿਲਾ ਮਾਹੌਲ ਪੂਰਬੀ ਯਹੂਦੀਆਂ ਦਾ ਟੇਢਾ ਮੇਢਾ ਇਲਾਕਾ ਸੀ। ਉੱਥੇ ਉਸ ਨੇ ਆਪ ਅਨੁਸ਼ਾਸਨ ਸਿੱਖਿਆ ਸੀ। ਉਸੇ ਥਾਂ ਤੋਂ ਆਤਮ ਸੰਤੋਸ਼ ਦੇ ਉਜਾੜ ਵਿਚ ''ਆਪਣਾ ਇਨਕਾਰ'' ਕਰਨ ਦੀ ਇਕ ਆਵਾਜ਼ ਗੂੰਜੀ।

ਕੀ ਅੱਜ ਅਸੀਂ ਉਸ ਅਵਾਜ਼ ਨੂੰ ਸੁਣ ਸਕਦੇ ਹਾਂ? ਅੱਜ ਅਸੀਂ ਆਤਮ ਸੰਤੋਸ਼ ਦੀ ਦੁਨੀਆਂ ਵਿਚ ਰਹਿੰਦੇ ਹਾਂ,[10] ਅਤੇ ਸਾਨੂੰ ਯੂਹੰਨਾ ਦੇ ਉਪਦੇਸ਼ ਦੀ ਬਹੁਤ ਹੀ ਲੋੜ ਹੈ। ਆਖਿਰ, ਯਿਸੂ ਨੇ ਕਿਹਾ ਸੀ, ''ਜੇ ਕੋਈ ਮੇਰੇ ਪਿੱਛੇ ਆਉਣਾ ਚਾਹੇ ਤਾਂ ਆਪਣੇ ਆਪ ਦਾ ਇਨਕਾਰ ਕਰੇ ਅਤੇ ਆਪਣੀ ਸਲੀਬ ਚੁੱਕ ਕੇ ਮੇਰੇ ਪਿੱਛ ਚੱਲੇ'' (ਮੱਤੀ 16:24)।

ਯੂਹੰਨਾ ਦੀ ਕਠੋਰ ਜੀਵਨ ਸ਼ੈਲੀ ਦੇ ਕਾਰਣ (ਲੂਕਾ 7:33), ਕੁਝ ਲੋਕਾਂ ਨੂੰ ਲਗਦਾ ਸੀ ਕਿ ਉਸ ਵਿਚ ਬਦਰੂਹ ਹੈ। ਚੇਤਾਵਨੀ ਦੀ ਇਹ ਗੱਲ ਸੁਣੋ: ਜੇ ਅਸੀਂ ਆਪਣੇ ਥਾਂ ਹੋਰਨਾਂ ਦਾ ਧਿਆਨ ਕਰਾਂਗੇ, ਤਾਂ ਸੰਸਾਰ ਸਾਡੇ ਬਾਰੇ ਨਹੀਂ ਸੋਚੇਗਾ ਕਿ ਅਸੀਂ ਪਾਗਲ ਹਾਂ, ਤਰ ਯਿਸੂ ਨੇ ਇਹੋ ਜਿਹੇ ਜ਼ਿੰਦਗੀ ਦੀ ਲੋੜ ਤੇ ਸਭ ਤੋਂ ਜ਼ਿਆਦਾ ਜ਼ੋਰ ਦਿੱਤਾ। ਬਪਤਿਸਮਾ ਦੇਣ ਦੀ ਗੱਲ ਕਰਦੇ ਹੋਏ, ਉਸ ਨੇ ਅਪਾਣੇ ਸੁਣਨ ਵਾਲਿਆਂ ਤੋਂ ਪੁੱਛਿਆ, ''ਫਿਰ ਤੁਸੀਂ ਕੀ ਵੇਖਣ ਨਿੱਕਲੇ ਸਾਓ? ਕੀ ਮਹੀਨ ਬਸਤਰ ਪਹਿਨੇ ਹੋਏ ਇਕ ਮਨੁੱਖ ਨੂੰ? ਵੇਖੋ, ਓਹ ਜੋ ਭੜਕੀਲੀ ਪੁਸ਼ਾਕ ਪਹਿਨਦੇ ਅਤੇ ਅਨੰਦ ਭੋਗਦੇ ਹਨ ਸੋ ਰਾਜਿਆਂ ਦੇ ਮਹਿਲਾਂ ਵਿਚ ਹੁੰਦੇ ਹਨ'' (ਲੂਕਾ 7:25)। ਯੂਹੰਨਾ ਦੀ ਅਸਾਨ ਜ਼ਿੰਦਗੀ ਵਿਚ ਕੋਈ ਦਿਲਚਸਪੀ ਨਹੀਂ ਸੀ: ਰਾਜਿਆਂ ਨੂੰ ਆਪਣੇ ਕਿਲ੍ਹਿਆਂ ਵਿਚ ਐਸ਼ ਓ ਅਰਾਮ ਕਰਨ ਦਿਓ। ਯਿਸੂ ਨੇ ਇਹ ਅਨੋਖੀ ਗੱਲ ਵੀ ਆਖੀ: ''ਪਰ ਮੈਂ ਤੁਹਾਨੂੰ ਆਖਦਾ ਹਾਂ ਕਿ ਜਿਹੜੇ ਤੀਵੀਆਂ ਤੋਂ ਜੰਮੇ ਉਨ੍ਹਾਂ ਵਿੱਚੋਂ ਯੂਹੰਨਾ ਨਾਲੋਂ ਵੱਡਾ ਕੋਈ ਨਹੀਂ'' (ਲੂਕਾ 7:28)। ਉਜਾੜ ਵਿਚ ਹੋਕਾ ਦਿੰਦੀ ਇਕ ਅਵਾਜ਼ ਲਈ ਕਿੰਨਾ ਵੱਡਾ ਸਨਮਾਨ ਹੈ ਇਹ!

ਸਾਡੇ ਵਿੱਚੋਂ ਹਰ ਕਿਸੇ ਨੂੰ ਚਾਹੀਦਾ ਹੈ ਕਿ ਉਹ ਆਪਣੀ ਜ਼ਿੰਦਗੀ ਨੂੰ ਯੂਹੰਨਾ ਦੀ ਜ਼ਿੰਦਗੀ ਨਾਲ ਮਿਲਾ ਕੇ ਪੁੱਛਣ ''ਕੀ *ਮੈਂ* ਆਤਮ ਅਨੁਸ਼ਾਸਨ ਭਾਵ ਆਤਮ ਇਨਕਾਰ ਦੀ ਜ਼ਿੰਦਗੀ ਜੀ ਰਿਹਾ ਹਾਂ?''

## ਆਤਮ ਸੰਤੋਸ਼ ਦੇ ਉਜਾੜ ਵਿਚ "ਆਪਣੇ ਰਾਹਾਂ ਨੂੰ ਬਦਲਣ" ਦਾ ਹੋਕਾ ਦਿੰਦੀ ਅਵਾਜ਼

''ਜਦ ਸਮਾਂ ਪੂਰਾ ਹੋਇਆ,''[11] ਤਾਂ ''ਪਰਮੇਸ਼ੁਰ ਦਾ ਵਚਨ ਉਜਾੜ ਵਿਚ ਜ਼ਕਰਯਾਹ ਦੇ ਪੁੱਤਰ ਯੂਹੰਨਾ ਨੂੰ ਪਹੁੰਚਿਆ'' (ਲੂਕਾ 3:2)। ਯੂਹੰਨਾ ਦੀ ਜ਼ਿੰਦਗੀ ਵਿਚ ਖ਼ੁਦਾ ਦਾ ਵਚਨ, ਤੇਜ ਧਮਾਕੇ ਲਈ ਸ਼ੁਰੂ ਕਰਨ ਲਈ ਪਿਸਤੌਲ ਦੀ ''ਅਵਾਜ਼'' ਵਾਂਗ, ਕਿਸੇ ਸੂਰਮੇ ਲਈ ਘੰਟੀ ਦੀ ਅਵਾਜ਼ ਵਾਂਗ, ਬੁਲਡੌਗ ਲਈ ''ਅਟੈਕ'' ਸ਼ਬਦ ਵਾਂਗ ਸੀ।[12]

ਯੂਹੰਨਾ ਝੱਟ ਪ੍ਰਚਾਰ ਕਰਨ ਲੱਗਾ, ''ਉਨ੍ਹੀਂ ਦਿਨੀਂ ਯੂਹੰਨਾ ਬਪਤਿਸਮਾ ਦੇਣ ਵਾਲਾ ਆਣ ਕੇ ਯਹੂਦੀਆ ਦੇ ਉਜਾੜ ਵਿਚ ਪ੍ਰਚਾਰ ਕਰਦੇ ਹੋਏ ਕਹਿਣ ਲੱਗਾ; ਤੌਬਾ ਕਰੋ ਕਿਉਂ ਜੋ ਸੁਰਗ ਦਾ ਰਾਜ ਨੇੜੇ ਆਇਆ ਹੈ'' (ਮੱਤੀ 3:1, 2)। ਉਸ ਦਾ ਕੰਮ ਲੋਕਾਂ ਨੂੰ ਆਉਣ ਵਾਲੇ ਮਸੀਹਾ ਅਤੇ ਉਸ ਦੇ

ਰਾਜ ਲਈ ਤਿਆਰ ਕਰਨਾ ਸੀ। ਆਪਣੇ ਸੁਣਨ ਵਾਲਿਆਂ ਨੂੰ ਇਹ ਦੱਸਦਿਆਂ ਕਿ ਉਹ ਆਪਣੀਆਂ ਜ਼ਿੰਦਗੀਆਂ ਨੂੰ ਬਦਲ ਲੈਣ ਉਸ ਨੇ ਸਾਫ਼ ਸਾਫ਼ ਆਖਿਆ:

> ਤਦ ਉਸ ਨੇ ਉਨ੍ਹਾਂ ਮਹਾਇਣਾਂ ਨੂੰ ਜੋ ਉਸ ਤੋਂ ਬਪਤਿਸਮਾ ਲੈਣ ਨਿਕਲੇ ਸਨ, ਆਖਿਆ ''ਹੇ ਸੱਪਾਂ ਦੇ ਬੱਚਿਓ ਤੁਹਾਨੂੰ ਆਉਣ ਵਾਲੇ ਕੋਪ ਤੋਂ ਭੱਜਣਾ ਕਿਨ ਦੱਸਿਆ? ਸੋ ਤੁਸੀਂ ਤੌਬਾ ਦੇ ਲਾਇਕ ਫਲ ਦਿਓ ਅਤੇ ਆਪਣੇ ਆਪ ਵਿਚ ਇਹ ਨਾ ਆਖਣ ਲੱਗੋ ਕਿ 'ਅਬਰਾਹਾਮ ਸਾਡਾ ਪਿਤਾ ਹੈ,' ਕਿਉਂ ਜੋ ਮੈਂ ਤੁਹਾਨੂੰ ਆਖਦਾ ਹਾਂ ਭਈ ਪਰਮੇਸ਼ੁਰ ਅਬਰਾਹਾਮ ਲਈ ਇਨ੍ਹਾਂ ਪੱਥਰਾਂ ਵਿੱਚੋਂ ਬਾਲਕ ਪੈਦਾ ਕਰ ਸਕਦਾ ਹੈ'' (ਲੂਕਾ 3:7, 8)।

ਬਹੁਤ ਦੇਰ ਤਕ ਲੋਕਾਂ ਨੂੰ ਇਹੀ ਲਗਦਾ ਸੀ ਕਿ ਖ਼ੁਦਾ ਉਨ੍ਹਾਂ ਨੂੰ ਸਿਰਫ਼ ਇਸੇ ਕਰਕੇ ਕਬੂਲ ਕਰੇਗਾ ਕਿ ਉਹ ਯਹੂਦੀ ਹਨ। ਯੂਹੰਨਾ ਦਾ ਸੰਦੇਸ਼ ਘੜੀ ਦਾ ਅਲਾਰਮ ਸੀ, ਜੋ ਉਨ੍ਹਾਂ ਨੂੰ ਜਗਾਉਣ ਲਈ ਬਣਾਇਆ ਗਿਆ ਸੀ। ਅਸਲ ਵਿਚ ਉਸ ਨੇ ਉਨ੍ਹਾਂ ਨੂੰ ਦੱਸਿਆ ਕਿ ਜੇ ਉਹ ਆਪਣੀਆਂ ਜ਼ਿੰਦਗੀਆਂ ਵਿਚ ਵੱਡੇ ਬਦਲਾਅ ਨਹੀਂ ਕਰਦੇ ਤਾਂ ਉਹ ''ਖ਼ੁਦਾ ਦੇ ਰਾਜ ਦੇ ਜੋਗ ਨਹੀਂ'' ਸਨ (ਵੇਖੋ ਲੂਕਾ 9:62)।

> ਤਦ ਲੋਕਾਂ ਨੇ ਉਸ ਤੋਂ ਪੁੱਛਿਆ, ਫੇਰ ਅਸੀਂ ਕੀ ਕਰੀਏ? ਉਸ ਨੇ ਉਨ੍ਹਾਂ ਨੂੰ ਉੱਤਰ ਦਿੱਤਾ ਕਿ ਜਿਹ ਦੇ ਕੋਲ ਦੋ ਕੁੜਤੇ ਹੋਣ ਉਹ ਉਸ ਨੂੰ ਵੰਡ ਦੇਵੇ ਜਿਹ ਦੇ ਕੋਲ ਨਹੀਂ ਹੈ ਅਤੇ ਜਿਹ ਦੇ ਕੋਲ ਖਾਣ ਨੂੰ ਹੋਵੇ ਉਹ ਭੀ ਇਸੇ ਤਰ੍ਹਾਂ ਕਰੇ। ਤਦ ਮਸੂਲੀਏ ਵੀ ਬਪਤਿਸਮਾ ਲੈਣ ਨੂੰ ਆਏ ਅਤੇ ਉਹ ਨੂੰ ਕਿਹਾ, ਗੁਰੂ ਜੀ ਅਸੀਂ ਕੀ ਕਰੀਏ? ਉਸ ਨੇ ਉਨ੍ਹਾਂ ਨੂੰ ਆਖਿਆ, ਤੁਹਾਡੇ ਲਈ ਜੋ ਠਹਿਰਾਇਆ ਹੋਇਆ ਹੈ ਉਸ ਨਾਲੋਂ ਵਧੀਕ ਨਾ ਲਓ। ਅਰ ਸਿਪਾਹੀਆਂ ਨੇ ਵੀ ਉਸ ਤੋਂ ਪੁੱਛਿਆ ਕਿ ਅਸੀਂ ਭੀ ਕੀ ਕਰੀਏ? ਉਸ ਨੇ ਉਨ੍ਹਾਂ ਨੂੰ ਆਖਿਆ, ਨਾ ਕਿਸੇ ਉੱਤੇ ਜ਼ੁਲਮ ਕਰੋ, ਨਾ ਊਜ ਲਾ ਕੇ ਕੁਝ ਲਓ ਅਤੇ ਆਪਣੀ ਤਲਬ ਉੱਤੇ ਰਾਜ਼ੀ ਰਹੋ (ਲੂਕਾ 3:10–14)।[13]

ਅੱਜ ਵੀ ਸਾਨੂੰ ਸਾਫ਼ ਅਤੇ ਸਾਫ਼ ਸਾਫ਼ ਪ੍ਰਚਾਰ ਦੀ ਲੋੜ ਹੈ। ਸਾਨੂੰ ਇਹੋ ਜਿਹੇ ਪ੍ਰਚਾਰ ਦੀ ਲੋੜ ਹੈ ਜੋ ਸਾਨੂੰ ਉਠਾ ਕੇ ਸੁਰਗ ਲਈ ਤਿਆਰ ਕਰ ਸਕੇ। ਪਾਪ ਦੀ ਨਿਖੇਧੀ ਅਜਿਹੇ ਆਮ ਸ਼ਬਦਾਂ ਵਿਚ ਕਰਨਾ ਸੰਭਵ ਹੈ, ਜਿਸ ਨਾਲ ਕੋਈ ਪਾਪੀ ਕਦੇ ਕਾਇਲ ਨਾ ਹੋਵੇ। ਯੂਹੰਨਾ ਦਾ ਪ੍ਰਚਾਰ ਸਾਫ਼ ਅਤੇ ਵਿਹਾਰਕ ਸੀ।

ਲੂਕਾ 3:18 ਆਖਦਾ ਹੈ ਕਿ ''*[ਯੂਹੰਨਾ]* ਹੋਰ ਬਥੇਰੀਆਂ ਗੱਲਾਂ ਨਾਲ ਲੋਕਾਂ ਨੂੰ ਉਪਦੇਸ਼ ਕਰਦਾ ਅਤੇ ਖੁਸ਼ਖਬਰੀ ਸੁਣਾਉਂਦਾ ਰਿਹਾ।'' ''ਖੁਸ਼ਖ਼ਬਰੀ'' ਸ਼ਬਦ ਦਾ ਅਰਥ ''ਖੁਸ਼ੀ ਦੀ ਖ਼ਬਰ'' ਹੈ। ਲੋਕਾਂ ਨੂੰ ਕਿਸ ਅਰਥ ਵਿਚ ਸੁਆਰਥੀ ਨਾ ਹੋਣ, ਬੇਈਮਾਨ ਨਾ ਹੋਣ ਅਤੇ ਆਪਣੇ ਇਖ਼ਤਿਆਰ ਦੀ ਦੁਰਵਰਤੋਂ ਨਾ ਕਰਨ ਦੀ ''ਖੁਸ਼ਖ਼ਬਰੀ'' ਸੁਣਾ ਰਿਹਾ ਸੀ? ਇਹ ''ਖੁਸ਼ੀ ਦੀ ਖ਼ਬਰ'' ਸੀ, ਕਿਉਂਕਿ ਇਸ ਨਾਲ ਉਨ੍ਹਾਂ ਦੀ ਆਤਮ ਸੰਤੁਸ਼ਟੀ ਖ਼ਤਮ ਕਰਕੇ, ਉਨ੍ਹਾਂ ਨੂੰ ਆਪਣੀ ਜ਼ਿੰਦਗੀ ਨੂੰ ਫੇਰ ਤੋਂ ਪਰਖਣ ਨੂੰ ਮਜਬੂਰ ਕੀਤਾ ਗਿਆ ਅਤੇ ਉਨ੍ਹਾਂ ਨੂੰ ਅਜਿਹੇ ਲੋਕ ਬਣਨ ਲਈ ਆਖਿਆ ਗਿਆ, ਜਿਨ੍ਹਾਂ ਤੇ ਖ਼ੁਦਾ ਆਪਣੀ ਕਿਰਪਾ ਦਾ ਮੀਂਹ ਵਰ੍ਹਾ ਸਕਦਾ ਹੈ।

ਕੀ ਅਸੀਂ ''ਪ੍ਰੇਮ ਨਾਲ ਸੱਚ *[ਪੂਰਾ ਸੱਚ]*'' ਦੱਸਣ ਵਾਲੇ ਨੂੰ ਹੱਲਾਸ਼ੇਰੀ ਦਿੰਦੇ ਹਾਂ (ਅਫ਼ਸੀਆਂ 4:15; ਵੇਖੋ ਗਲਾਤੀਆਂ 4:16)? ਮੈਨੂੰ ਉਮੀਦ ਹੈ ਕਿ ਸਾਨੂੰ ਚਾਹੀਦਾ ਹੈ ਕਿ ਜਿਵੇਂ ਅਸੀਂ ਕਮਜ਼ੋਰ ਦਿਲ ਵਾਲੇ ਸਰਜਨ (ਆਪਰੇਸ਼ਨ ਕਰਨ ਵਾਲੇ ਡਾਕਟਰ) ਨੂੰ ਨਹੀਂ ਚਾਹੁੰਦੇ, ਉਵੇਂ ਹੀ ਬੁਜ਼ਦਿਲ ਪ੍ਰਚਾਰਕ ਦੀ ਇੱਛਾ ਨਾ ਕਰੀਏ। ਸਾਨੂੰ ਇਹ ਵੀ ਆਸ ਹੈ ਕਿ ਜਿੱਥੇ ਲੋੜ ਹੈ, ਉੱਥੇ ਅਸੀਂ ''ਆਪਣੇ ਰਾਹ ਬਦਲਣ'' ਦਾ ਹੋਕਾ ਦੇਣ ਵਾਲੇ ਦੀ ਅਵਾਜ਼ ਵੀ ਬਣਨ ਨੂੰ ਤਿਆਰ ਹਾਂ (ਵੇਖੋ ਗਲਾਤੀਆਂ 6:1; ਯਾਕੂਬ 5:19, 20)।

## ਸ਼ੱਕ ਦੇ ਉਜਾੜ ਵਿਚ "ਯਕੀਨ" ਕਰਨ ਦਾ ਹੋਕਾ ਦਿੰਦੀ ਅਵਾਜ਼

ਇਕ ਦਿਨ ਜਦ ਯੂਹੰਨਾ ਯਰਦਨ ਦੇ ਨੇੜੇ ਪ੍ਰਚਾਰ ਕਰ ਰਿਹਾ ਸੀ, ਤਾਂ ਯਿਸੂ ਬਪਤਿਸਮਾ ਲੈਣ ਲਈ ਉਸ ਦੇ ਕੋਲ ਆਇਆ। ਤੁਹਾਨੂੰ ਇਹ ਕਹਾਣੀ ਯਾਦ ਹੋਵੇਗੀ ਕਿ ਕਿਵੇਂ ਯੂਹੰਨਾ ਮਸੀਹ ਨੂੰ ਬਪਤਿਸਮਾ ਦੇਣ ਤੋਂ ਇਨਕਾਰ ਕਰ ਰਿਹਾ ਸੀ, ਪਰ ਯਿਸੂ ਨੇ ਉਸ ਨੂੰ ਸਮਝਾਇਆ ਅਤੇ ਕਿਵੇਂ ਯਿਸੂ ਦੇ ਬਪਤਿਸਮੇ ਦੇ ਬਾਅਦ ਖ਼ੁਦਾ ਨੇ ਸੁਰਗ ਤੋਂ ਗੱਲ ਕੀਤੀ ਅਤੇ ਪਵਿੱਤਰ ਆਤਮਾ ਕਬੂਤਰ ਵਾਂਗ ਉੱਤਰਿਆ (ਮੱਤੀ 3:13–17)।[14]

ਇਨ੍ਹਾਂ ਪ੍ਰਦਰਸ਼ਨਾਂ ਤੋਂ ਯੂਹੰਨਾ ਨੂੰ ਪੱਕਾ ਯਕੀਨ ਹੋ ਗਿਆ ਕਿ ਯਿਸੂ ਹੀ ਉਹ ਮਸੀਹਾ ਸੀ, ਜਿਹਦਾ ਉਹ ਰਾਹ ਤਿਆਰ ਕਰ ਰਿਹਾ ਸੀ! ਉਸ ਦੇ ਬਾਅਦ ਤੋਂ, ਯੂਹੰਨਾ ਦਾ ਪਸੰਦੀਦਾ ਸੰਦੇਸ਼ ਸੀ ''ਵੇਖੋ, ਪਰਮੇਸ਼ੁਰ ਦਾ ਲੇਲਾ!''

> ਦੂਜੇ ਦਿਨ ਯਿਸੂ ਨੂੰ ਆਪਣੀ ਵੱਲ ਆਉਂਦਾ ਵੇਖ ਕੇ ਉਹ ਨੇ ਆਖਿਆ, ਵੇਖੋ ਪਰਮੇਸ਼ੁਰ ਦਾ ਲੇਲਾ ਜਿਹੜਾ ਜਗਤ ਦਾ ਪਾਪ ਚੁੱਕ ਲੈ ਜਾਂਦਾ ਹੈ (ਯੂਹੰਨਾ 1:29)।

> ਦੂਜੇ ਦਿਨ ਯੂਹੰਨਾ ਅਤੇ ਉਹ ਦੇ ਚੇਲਿਆਂ ਵਿੱਚੋਂ ਦੋ ਜਣੇ ਖਲੋਤੇ ਹੋਏ ਸਨ। ਅਰ ਉਸ ਨੇ ਯਿਸੂ ਨੂੰ ਤੁਰਿਆ ਜਾਂਦਾ ਵੇਖ ਕੇ ਆਖਿਆ, ਵੇਖੋ ਪਰਮੇਸ਼ੁਰ ਦਾ ਲੇਲਾ (ਯੂਹੰਨਾ 1:35, 36)।

ਯੂਹੰਨਾ ਨੇ ਇਹ ਪ੍ਰਚਾਰ ਨਹੀਂ ਕੀਤਾ ਕਿ ਯਿਸੂ ਸਿਰਫ਼ ਇਕ ਭਲਾ ਮਨੁੱਖ ਅਤੇ ਮਹਾਨ ਗੁਰੂ ਹੈ, ਬਲਕਿ ਉਸ ਨੇ ਉਸ ਦੇ ਸਾਡੇ ਪਾਪਾਂ ਲਈ ਕੁਰਬਾਨ ਹੋਣ ਦਾ ਪ੍ਰਚਾਰ ਕੀਤਾ, ਜਿਸ ਦੇ ਰਾਹੀਂ ਸਾਡੀ ਮੁਕਤੀ ਹੋ ਸਕਦੀ ਸੀ!

ਬੇਪਰਤੀਤੀ ਭਾਵ ਸ਼ੱਕੀ ਦੁਨੀਆ ਵਿਚ ਯੂਹੰਨਾ ਦੀ ਨਰਸਿੰਗੇ ਦੀ ਪੁਕਾਰ ਅੱਜ ਵੀ ਸੁਣਾਈ ਦੇਣੀ ਜ਼ਰੂਰੀ ਹੈ। ਯਿਸੂ ਖ਼ੁਦਾ ਦਾ ਬੇਟਾ ਹੈ! ਉਹ ਇਨਸਾਨ ਦੀ ਇੱਕੋ ਇਕ ਆਸ ਹੈ! ਆਓ ਅਸੀਂ ਓਸੇ ਵਿਸ਼ਵਾਸ ਨਾਲ ਜਿਹੜਾ ਯੂਹੰਨਾ ਦਾ ਸੀ, ਇਸ ਗੱਲ ਦਾ ਪ੍ਰਚਾਰ ਕਰੀਏ!

## ਹੰਕਾਰ ਦੇ ਉਜਾੜ ਵਿਚ "ਹਲੀਮ ਬਣਨ" ਦਾ ਹੋਕਾ ਦਿੰਦੀ ਅਵਾਜ਼

ਯਿਸੂ ਦਾ ਬਪਤਿਸਮਾ ਯੂਹੰਨਾ ਦੀ ਸੇਵਕਾਈ ਦਾ ਸਿਖਰ ਸੀ। ਉਸ ਸਮੇਂ ਤਕ, ਉਸ ਦਾ ਕੰਮ ਬੁਨਿਆਦੀ ਤੌਰ ਤੇ ਪੂਰਾ ਹੋ ਚੁੱਕਿਆ ਸੀ, ਅਤੇ ਉਹਦੇ ਬਾਅਦ ਤੋਂ ਉਸ ਦੀ ਸੇਵਕਾਈ ਘੱਟ ਹੋਣ ਲੱਗ ਪਈ ਸੀ। ਮਸੀਹਾ ਦੀ ਅਗਾਊਂ ਜਾਣਕਾਰੀ ਦੇਣ ਵਾਲੇ ਦੇ ਰੂਪ ਵਿਚ ਯੂਹੰਨਾ ਦੀਆਂ ਮੁੱਖ ਤੌਰ ਤੇ ਤਿੰਨ ਜ਼ਿੰਮੇਵਾਰੀਆਂ ਸਨ: ਮਸੀਹਾ ਦਾ ਰਾਹ ਸਾਫ਼ ਕਰਨਾ, ਮਸੀਹਾ ਦਾ ਰਾਹ ਤਿਆਰ ਕਰਨਾ, ਅਤੇ ਫਿਰ ਮਸੀਹਾ ਦੇ ਰਾਹ ਚੋਂ ਹੱਟ ਜਾਣਾ![15] ਯੂਹੰਨਾ ਨੂੰ ਇਸ ਤੋਂ ਕੋਈ ਪਰੇਸ਼ਾਨੀ ਨਹੀਂ ਸੀ; ਉਹ ਕੋਈ ਵੀ ਭੂਮਿਕਾ ਨਿਭਾਉਣ ਲਈ ਤਿਆਰ ਸੀ, ਜੋ ਖ਼ੁਦਾ ਨੇ ਉਹਦੇ ਲਈ ਰੱਖੀ ਸੀ।

ਮੇਰੇ ਨਾਲ, ਯੂਹੰਨਾ 3 ਅਧਿਆਇ ਵਿਚ ਚੱਲੋ, ਜੋ ਯੂਹੰਨਾ ਦੀ ਸੱਚੀ ਮਹਾਨਤਾ ਦੀ ਮੁੱਖ ਗੱਲ ਹੈ। ਮਸੀਹ ਦੀ ਮਸ਼ਹੂਰੀ ਵਧਣ ਤੇ ਯੂਹੰਨਾ ਦੇ ਚੇਲੇ ਉਸ ਦੇ ਕੋਲ ਜਾ ਕੇ ਉਸ ਨੂੰ ਆਖਦੇ ਹਨ, ''ਸੁਆਮੀ ਜੀ ਜਿਹੜਾ ਯਰਦਨ ਦੇ ਪਾਰ ਤੇਰੇ ਨਾਲ ਸੀ ਜਿਹ ਦੇ ਉੱਤੇ ਤੈਂ ਸਾਖੀ ਦਿੱਤੀ ਸੋ ਵੇਖ ਉਹ ਬਪਤਿਸਮਾ ਦਿੰਦਾ ਹੈ ਅਤੇ ਸਭ ਲੋਕ ਉਹ ਦੇ ਕੋਲ ਆਉਂਦੇ ਹਨ'' (ਆਇਤ 26)। ਕੀ ਤੁਹਾਨੂੰ ਉਨ੍ਹਾਂ ਦੀਆਂ ਗੱਲਾਂ ਵਿਚ ਈਰਖਾ ਸੁਣਾਈ ਦਿੰਦੀ ਹੈ? ਜਾਂ ਇਵੇਂ ਆਖੋ ਕਿ ਉਹ ਆਖ ਰਹੇ ਸਨ, ''ਇਕ ਵਕਤ ਸੀ ਜਦ ਸਭ ਲੋਕ ਸਾਡੇ ਕੋਲ ਆ ਰਹੇ ਸਨ ਪਰ ਹੁਣ ਉਹ *ਉਸ ਦੇ* ਕੋਲ ਜਾਂਦੇ ਹਨ। ਕਦੇ ਅਸੀਂ ਖਿੱਚ ਦੇ ਕੇਂਦਰ ਸਾਂ, ਪਰ ਹੁਣ ਪ੍ਰਕਾਸ਼–ਬਿੰਦੂ ਉਹਦੇ ਤੇ ਹੈ। *ਤੁਸਾਂ* ਉਸ ਨੂੰ ਬਪਤਿਸਮਾ ਦਿੱਤਾ; ਭਲਾ ਲੋਕਾਂ ਨੂੰ ਪਤਾ ਨਹੀਂ ਕਿ ਇਸ ਨਾਲ *ਤੁਹਾਡੇ* ਉਸ ਨਾਲ ਮਹਾਨ ਹੋਣ ਦੀ ਗੱਲ ਪੱਕੀ ਹੁੰਦੀ ਹੈ?''

ਜਰਨੈਲਾਂ ਵਿਚ ਈਰਖਾ ਦੇ ਕਾਰਣ ਜੰਗਾਂ ਹੁੰਦੀਆਂ ਰਹੀਆਂ ਹਨ। ਜੇ ਆਪਣੇ ਚੇਲਿਆਂ ਦੀ ਈਰਖਾ ਨੂੰ ਯੂਹੰਨਾ ਹਵਾ ਦੇ ਦਿੰਦਾ ਤਾਂ ਯਿਸੂ ਦੀ ਲਹਿਰ ਦੇ ਉੱਠਣ ਤੋਂ ਪਹਿਲਾ ਹੀ ਉਸ ਦੇ ਖਤਮ ਹੋ ਜਾਣ ਤੇ ਵਿਚਾਰ ਕਰੋ। ਉਨ੍ਹਾਂ ਦੀ ਸ਼ਿਕਾਇਤ ਤੇ ਬਪਤਿਸਮਾ ਦੇਣ ਵਾਲੇ ਦੀ ਪ੍ਰਤੀਕਿਰਿਆ ਨੂੰ ਸੁਣੋ ਅਤੇ ਉਸ ਤੇ ਅਚੰਭਾ ਕਰੋ। ਉਸ ਨੇ ਪਹਿਲਾਂ ਤਾਂ ਕਿਹਾ, ਕਿ ਮਸੀਹ ਦੀ ਕਾਮਯਾਬੀ ਖ਼ੁਦਾ ਦਾ ਇਰਾਦਾ ਹੈ: ''ਜੇ ਉਹ ਨੂੰ ਸੁਰਗੋਂ ਨਾ ਦਿੱਤਾ ਜਾਵੇ ਤਾਂ ਕੁਝ ਨਹੀਂ ਪਾ ਸਕਦਾ'' (ਆਇਤ 27)। ਫਿਰ ਉਸ ਨੇ ਜ਼ੋਰ ਦੇ ਕੇ ਆਖਿਆ ਕਿ ਜੋ ਕੁਝ ਹੋ ਰਿਹਾ ਹੈ, ਉਸ ਨਾਲ ਉਹ ਖੁਸ਼ ਹੈ:

> ਤੁਸੀਂ ਆਪ ਮੇਰੇ ਲਈ ਸਾਖੀ ਦਿੰਦੇ ਹੋ ਜੋ ਮੈਂ ਆਖਿਆ ਕਿ ਮੈਂ ਮਸੀਹ ਨਹੀਂ ਪਰ ਉਹ ਦੇ ਅੱਗੇ ਭੇਜਿਆ ਹੋਇਆ ਹਾਂ। ਜਿਹ ਦੀ ਵਹੁਟੀ ਹੈ ਉਹੋ ਲਾੜਾ ਹੁੰਦਾ ਹੈ ਪਰ ਲਾੜੇ ਦਾ ਮਿੱਤਰ ਜੋ ਖੜੋ ਕੇ ਉਹ ਦੀ ਸੁਣਦਾ ਹੈ ਲਾੜੇ ਦੀ ਅਵਾਜ਼ ਨਾਲ ਵੱਡਾ ਅਨੰਦ ਹੁੰਦਾ ਹੈ ਸੋ ਮੇਰਾ ਇਹ ਅਨੰਦ ਪੂਰਾ ਹੋਇਆ ਹੈ (ਆਇਤਾਂ 28, 29)।

ਅਖੀਰ ਵਿਚ, ਉਸ ਨੇ ਇਹ ਸ਼ਾਨਦਾਰ ਗੱਲ ਕਹੀ, ''ਜ਼ਰੂਰ ਜੈ ਜੋ ਉਹ ਵਧੇ ਅਤੇ ਮੈਂ ਘਟਾਂ'' (ਆਇਤ 30)। ਇਹ ਗੱਲ ਕਹਿਣਾ ਵੱਡੇ ਬਲਕਿ ਬਹੁਤ ਵੱਡੇ ਆਦਮੀ ਦੀ ਪਛਾਣ ਹੈ।

ਬਹੁਤ ਸਾਰੇ ਕਾਮਯਾਬ ਪ੍ਰਚਾਰਕ ਜਿਨ੍ਹਾਂ ਨੂੰ ਮੈਂ ਜਾਣਦਾ ਹਾਂ, ਯੂਹੰਨਾ ਵਾਲੀ ਦੁਵਿਧਾ ਵਿਚ ਹੁੰਦੇ ਹਨ। ਉਹ ਮੰਨਣ ਜਾਂ ਨਾ, ਪਰ ਉਨ੍ਹਾਂ ਨੂੰ ਆਪਣੀ ਤਾਰੀਫ਼ ਚੰਗੀ ਲਗਦੀ ਹੈ। ਪਰ ਇਕ ਨੀਂਹ ਦੇ ਰੂਪ ਵਿਚ ਹੁਣ ਆਦਰਯੋਗ ਪ੍ਰਚਾਰਕ ਬੁੱਢੇ ਹੋ ਜਾਂਦੇ ਹਨ, ਤਾਂ ਉਨ੍ਹਾਂ ਨੂੰ ਪ੍ਰਚਾਰ ਕਰਨ ਲਈ ਬਹੁਤ ਘੱਟ ਬੁਲਾਇਆ ਜਾਂਦਾ ਹੈ ਅਤੇ ਪ੍ਰਕਾਸ਼ ਬਿੰਦੂ ਜਵਾਨ ਪ੍ਰਚਾਰਕਾਂ ਤੇ ਪੈਣ ਲਗਦਾ ਹੈ। ਸਾਡੇ ਲਈ ਇਹ ਕਹਿਣਾ ਕਿੰਨਾ ਮੁਸ਼ਕਿਲ ਹੈ ਕਿ ''ਇਹ ਠੀਕ ਹੈ। ਜ਼ਰੂਰ ਹੈ ਕਿ ਉਹ ਵਧੇ ਅਤੇ ਅਸੀਂ ਘਟੀਏ। ਖ਼ੁਦਾ ਉਨ੍ਹਾਂ ਨਾਲ ਹੋਵੇ!''

ਹੰਕਾਰ ਸਿਰਫ਼ ਪ੍ਰਚਾਰਕਾਂ ਨੂੰ ਹੀ ਨਹੀਂ ਸਤਾਉਂਦਾ। ਜੇ ਕਿਸੇ ਦੂਜੇ ਦੀ ਤਾਰੀਫ਼ ਕਰ ਦਿੱਤੀ ਜਾਵੇ, ਜੇ ਸਾਨੂੰ ਲਗਦਾ ਹੋਵੇ ਕਿ ਸਾਡੀ ਹੋਣੀ ਚਾਹੀਦੀ ਹੈ, ਤਾਂ ਕੀ ਹੋਵੇਗਾ? ਜੇ ਦੂਜੇ ਨੂੰ ਚੰਗਾ ਕੰਮ ਜਾਂ ਤਰੱਕੀ ਮਿਲ ਜਾਵੇ? ਕੀ ਅਸੀਂ ਈਮਾਨਦਾਰੀ ਨਾਲ ਆਖ ਸਕਦੇ ਹਾਂ ਕਿ ਅਸੀਂ ਉਨ੍ਹਾਂ ਲਈ ਖੁਸ਼ ਹਾਂ? ਕੀ ਅਸੀਂ ਸੱਚੇ ਦਿਲੋਂ ਆਖਦੇ ਹਾਂ, ''ਜ਼ਰੂਰ ਹੈ ਕਿ ਉਹ ਵਧੇ ਅਤੇ ਮੈਂ ਘਟਾਂ?''

ਸਾਡੇ ਵਿੱਚੋਂ ਕਈਆਂ ਲਈ ਇਹ ਕੋਈ ਛੋਟੀ ਚੁਣੌਤੀ ਨਹੀਂ ਹੈ। ਯਾਦ ਰੱਖੋ ਕਿ ''ਪਰਮੇਸ਼ੁਰ ਹੰਕਾਰੀਆਂ ਦਾ ਸਾਹਮਣਾ ਕਰਦਾ ਪਰ ਹਲੀਮਾਂ ਉੱਤੇ ਕਿਰਪਾ ਕਰਦਾ ਹੈ'' (ਯਾਕੂਬ 4:6)। ਖ਼ੁਦਾ ਯੂਹੰਨਾ ਵਾਂਗ ਬਣਨ ਵਿਚ ਸਾਡੀ ਮਦਦ ਕਰੇ, ਜੋ ਆਕੜ ਦੀ ਦੁਨੀਆਂ ਵਿਚ, ''ਹਲੀਮ ਬਣਨ'' ਦੀ ਪੁਕਾਰ ਸੀ।[16]

## ਬੁਜ਼ਦਿਲੀ ਦੇ ਉਜਾੜ ਵਿਚ ''ਬਹਾਦੁਰ ਬਣਨ'' ਦਾ ਹੋਕਾ ਦਿੰਦੀ ਅਵਾਜ਼

ਯੂਹੰਨਾ ਦੀ ਜ਼ਿੰਦਗੀ ਦੀਆਂ ਘਟਨਾਵਾਂ ਦਾ ਅਧਿਐਨ ਕੀਤਾ ਜਾ ਸਕਦਾ ਹੈ,[17] ਪਰ ਅਸੀਂ ਇਹ ਪਾਠ ਉਸ ਦੀ ਜ਼ਿੰਦਗੀ ਦੀ ਆਖ਼ਰੀ ਝਲਕ ਨਾਲ ਖ਼ਤਮ ਕਰ ਦਿਆਂਗੇ। ਅਸੀਂ ਪਹਿਲਾਂ ਹੀ ਕਿਹਾ ਸੀ ਕਿ ਉਸ ਦਾ ਪ੍ਰਚਾਰ ਸਿੱਧਾ ਅਤੇ ਵਿਹਾਰਕ ਸੀ। ਇਹ ਬਹੁਤ ਨਿੱਜੀ ਵੀ ਸੀ। ਰਾਜਾ ਹੇਰੋਦੇਸ ਤੇ ਇਲਜ਼ਾਮ ਲਾਉਣ ਦੀ ਉਦਾਹਰਣ ਸਭ ਤੋਂ ਠੀਕ ਹੋਵੇਗੀ।

> ... ਰਾਜਾ ਹੇਰੋਦੇਸ ਨੇ ਆਪਣੇ ਭਾਈ ਦੀ ਤੀਵੀਂ ਹੇਰੋਦਿਆਸ ਦੇ ਕਾਰਣ ਅਤੇ ਸਾਰੀਆਂ ਬੁਰਿਆਈਆਂ ਦੇ ਕਾਰਣ ਜਿਹੜੀਆਂ ਹੇਰੋਦੇਸ ਨੇ ਕੀਤੀਆਂ ਸਨ ਉਹ ਦੇ ਕੋਲੋਂ ਮਲਾਮਤ ਉਠਾਈ (ਲੂਕਾ 3:19)।

> ... ਹੇਰੋਦੇਸ ਨੇ ... ਯੂਹੰਨਾ ਨੂੰ ਫੜ ਕੇ ਬੱਧਾ ਅਤੇ ਕੈਦ ਵਿਚ ਪਾ ਦਿੱਤਾ ਸੀ। ਇਸ ਲਈ ਜੋ ਯੂਹੰਨਾ ਨੇ ਉਹ ਨੂੰ ਆਖਿਆ ਸੀ ਭਈ ਉਹ ਦਾ ਰੱਖਣਾ ਤੁਹਾਨੂੰ ਯੋਗ ਨਹੀਂ (ਮੱਤੀ 14:3, 4)।

ਯੂਹੰਨਾ ਅਤੇ ਹੇਰੋਦੇਸ ਦਾ ਆਹਮਣਾ ਸਾਹਮਣਾ ਕਿਵੇਂ ਹੋਇਆ, ਇਸ ਬਾਰੇ ਅਸੀਂ ਵਿਸਤਾਰ ਵਿਚ ਨਹੀਂ ਜਾਣਦੇ। ਕੀ ਹੇਰੋਦੇਸ ਯੂਹੰਨਾ ਦਾ ਸੰਦੇਸ਼ ਸੁਣਨ ਲਈ ਆਇਆ ਸੀ?[18] (ਮੈਂ ਉਸ ਦੇ ਦਰਬਾਰੀਆਂ ਨੂੰ ਯੂਹੰਨਾ ਦੇ ਭੀੜ ਵਿਚ ਬੋਲਦਿਆਂ ਕਿਨਾਰਿਆਂ ਤੇ ਬੈਠੇ ਹੋਣ ਦੀ ਕਲਪਨਾ ਕਰਦਾ ਹਾਂ।) ਕੀ ਯੂਹੰਨਾ ਹੇਰੋਦੇਸ ਦੇ ਕਿਲ੍ਹੇ ਵਿਚ ਆਇਆ ਸੀ? (ਮੈਂ ਇਸ ਪ੍ਰਚਾਰਕ ਦੇ ਹੇਰੋਦੇਸ ਦੇ ਦਰਬਾਰ ਵਿਚ ਖਲੋਤੇ ਹੋਣ, ਉਪਦੇਸ਼ ਦੇਣ ਵੇਲੇ ਉਹਦੇ ਵੱਲ ਅੱਖਾਂ ਅੱਡ ਕੇ ਵੇਖਣ ਦੀ ਕਲਪਨਾ ਕਰ ਸਕਦਾ ਹਾਂ।) ਸਾਨੂੰ ਵਿਸਤਾਰ ਵਿਚ ਨਹੀਂ ਦੱਸਿਆ ਗਿਆ ਹੈ, ਪਰ ਯੂਨਾਨੀ ਲਿਖਤ ਤੋਂ ਸੰਕੇਤ ਮਿਲਦਾ ਹੈ ਕਿ ਯੂਹੰਨਾ ਉਸ ਨੂੰ ਆਖਦਾ *ਰਿਹਾ* ਕਿ ਹੇਰੋਦਿਆਸ ਨਾਲ ਉਸਦਾ ਵਿਆਹ ਨਜਾਇਜ਼ ਹੈ।

ਇਸ ਲਈ ਦਲੇਰੀ, ਬਲਕਿ ਬਹੁਤ ਦਲੇਰੀ ਦਾ ਹੋਣਾ ਜ਼ਰੂਰੀ ਸੀ! ਇਸ ਲਈ ਦਲੇਰੀ ਦੀ ਲੋੜ ਸੀ, ਕਿਉਂਕਿ ਹੇਰੋਦੇਸ ਇਕ ਅਹਿਮ ਆਦਮੀ ਭਾਵ ਪ੍ਰਭਾਵਸ਼ਾਲੀ ਆਦਮੀ ਸੀ। ਦਲੇਰੀ ਇਸ ਲਈ ਵੀ ਜ਼ਰੂਰੀ ਸੀ, ਕਿਉਂਕਿ ਯੂਹੰਨਾ ਸਿੱਧਾ ਉਸੇ ਤੇ ਉਂਗਲ ਕਰ ਰਿਹਾ ਸੀ। ਪੁਲਪਿਟ ਤੋਂ ਆਮ ਪਾਪ ਦੀ ਬੁਰਿਆਈ ਕਰਨਾ ਅਤੇ ਕਿਸੇ ਨੂੰ ਇਹ ਕਹਿਣ ਵਿਚ ਕਿ ''ਤੂੰ ਗਲਤ ਹੈਂ,'' ਫ਼ਰਕ ਹੈ।[19] ਇਹ ਦਲੇਰੀ ਜ਼ਰੂਰੀ ਸੀ, ਕਿਉਂਕਿ ਯੂਹੰਨਾ ਉਹੀ ਕਰ ਰਿਹਾ ਸੀ, ਜੋ ਹੇਰੋਦੇਸ ਅਤੇ ਹੇਰੋਦਿਆਸ ਲਈ ਸੁਣਨਾ ਜ਼ਰੂਰੀ ਸੀ, ਨਾ ਕਿ ਉਹ ਜੋ ਉਹ ਸੁਣਨ ਦਾ ਚਾਹਵਾਨ ਸੀ। ''ਇੰਜੀਲ ਦੇ ਉਪਦੇਸ਼'' ਕਈ ਵਾਰ ਕਿਸੇ ਲਈ ਠੋਕਰ ਨਹੀਂ ਹੁੰਦੇ, ਪਰ ਯੂਹੰਨਾ ਨੇ ਤਾਂ ਜਿਵੇਂ ਬਿਨਾਂ ਸੋਚੇ ਕਿ ਇਸਦਾ ਨਤੀਜਾ ਕੀ ਹੋਵੇਗਾ, ''ਤੇਰੇ ਲਈ ਉਸਦੇ ਨਾਲ ਰਹਿਣਾ ਠੀਕ ਨਹੀਂ ਹੈ'' ਕਹਿ ਦਿੱਤਾ ਅਤੇ ਇਸੇ ਤੋਂ ਉਹ ਪਰੇਸ਼ਾਨ ਹੋ ਗਿਆ ਸੀ! ਦਲੇਰੀ ਇਸ ਲਈ ਵੀ ਜ਼ਰੂਰੀ ਸੀ, ਕਿਉਂਕਿ ਨਬੀ ਨੂੰ ਪਤਾ ਹੋਣਾ ਚਾਹੀਦਾ ਸੀ ਕਿ ਉਸ ਦੀਆਂ ਗੱਲਾਂ ਉਸ ਲਈ ਜਾਨਲੇਵਾ ਸਾਬਤ ਹੋ ਸਕਦੀਆਂ ਸਨ। ਬਿਨਾਂ ਖ਼ਤਰਨਾਕ ਨਤੀਜਿਆਂ ਦੇ ਹੇਰੋਦਿਆਸ ਵਰਗੀ[20] ਪਤਨੀ ਨਾਲ ਹੇਰੋਦੇਸ ਨੂੰ ਖਿਝਾਇਆ ਨਹੀਂ ਜਾ ਸਕਦਾ ਸੀ। ਯਿਸੂ ਨੇ ਕਿਹਾ ਕਿ ਯੂਹੰਨਾ ਨੂੰ ''ਕਾਨਾ ਜਿਹੜਾ ਹਵਾ ਨਾਲ ਹਿੱਲਦਾ ਹੈ?'' (ਮੱਤੀ 11:7) ਆਖਿਆ, ਬਲਕਿ ਉਹ ਪਾਪ ਦੇ ਵਿਰੁੱਧ ਬੋਲਣ ਲਈ ਖ਼ੁਦਾ ਦੀ ਬੇਖ਼ੌਫ਼ ਅਤੇ ਬੁਲੰਦ ਅਵਾਜ਼ ਸੀ।

ਇਕ ਵਾਰ ਫੇਰ, ਤੁਹਾਨੂੰ ਇਸ ਘਟਨਾ ਦੀ ਤਰਤੀਬ ਦਾ ਪਤਾ ਹੋਵੇਗਾ: ਯੂਹੰਨਾ ਦੀ ਗ੍ਰਿਫ਼ਤਾਰੀ ਕਿਵੇਂ ਹੋਈ ਅਤੇ ਕਿਵੇਂ ਅਖੀਰ ਵਿਚ ਸ਼ਰਾਬੀਆਂ ਦੀ ਦਾਅਵਤ ਵਿਚ, ਨੱਚਣ ਵਾਲੀ ਕੁੜੀ ਅਤੇ ਬਦਲਾ ਲੈਣ ਵਾਲੀ ਪਤਨੀ ਦੇ ਕਾਰਣ ਉਸ ਨੂੰ ਆਪਣੀ ਜਾਨ ਗਵਾਉਣੀ ਪਈ।[21] ਮਨੁੱਖੀ ਰੀਤ ਮੁਤਾਬਕ, ਜਦ ਯੂਹੰਨਾ ਦਾ ਸਿਰ ਹੇਰੋਦਿਆਸ ਕੋਲ ਲਿਆਂਦਾ ਗਿਆ ਤਾਂ ਉਸ ਨੇ ਨਬੀ ਦੀ ਜੀਭ ਦੇ ਆਰ ਪਾਰ ਲੰਮੀ ਮੇਖ ਲੰਘਾ ਦਿੱਤੀ ਅਤੇ ਜ਼ੋਰ ਨਾਲ ਚੀਕ ਕੇ ਕਹਿਣ ਲੱਗੀ, ''ਤੂੰ ਮੁੜ ਨਹੀਂ ਆਖੇਂਗਾ ਕਿ 'ਤੇਰੇ ਲਈ ਇਸ ਦੇ ਨਾਲ ਰਹਿਣਾ ਜਾਇਜ਼ ਨਹੀਂ' ਹੈ!''

ਹੇਰੋਦਿਆਸ ਨੂੰ ਲੱਗਾ ਹੋਵੇਗਾ ਕਿ ਉਸ ਨੇ ਯੂਹੰਨਾ ਨੂੰ ਖ਼ਾਮੋਸ਼ ਕਰਾ ਦਿੱਤਾ ਹੈ, ਪਰ ਇਵੇਂ ਨਹੀਂ ਹੋਇਆ। ਸੂਰਮਿਆਂ ਦੀ ਅਵਾਜ਼ ਨੂੰ ਦਬਾਇਆ ਨਹੀਂ ਜਾ ਸਕਦਾ। ਯੂਹੰਨਾ ਬਪਤਿਸਮਾ ਦੇਣ ਵਾਲੇ ਦੀ ਮੌਤ ਹੇਰੋਦੇਸ ਦੇ ਦਿਲ ਤੇ ਬੈਠ ਗਈ ਅਤੇ ਜਦ ਉਸ ਨੇ ਯਿਸੂ ਦੇ ਕੰਮਾਂ ਬਾਰੇ ਸੁਣਿਆ ਤਾਂ ਉਸ ਨੂੰ ਲੱਗਾ ਕਿ ਯਿਸੂ ਮੁਰਦਿਆਂ ਵਿੱਚੋਂ ਜੀ ਉੱਠਿਆ ਯੂਹੰਨਾ ਹੀ ਹੈ (ਮਰਕੁਸ 6:14)। ਯੂਹੰਨਾ ਦੇ ਮਰ ਜਾਣ ਦੇ ਬਾਅਦ ਵੀ ਕੁਝ ਦੇਰ ਤਕ ਉਸ ਦਾ ਪ੍ਰਭਾਵ ਐਨਾ ਸੀ ਕਿ ਯਿਸੂ ਨੇ ਆਪਣੇ ਸਵਾਲਾਂ ਦਾ ਜਵਾਬ ਦੇਣ ਲਈ ਯੂਹੰਨਾ ਦੇ ਕੰਮ ਦਾ ਹਵਾਲਾ ਦਿੱਤਾ (ਮੱਤੀ 21:23–27; ਲੂਕਾ 20:2–8)।

ਖ਼ੁਦਾ ਸਾਨੂੰ ਯੂਹੰਨਾ ਵਰਗੀ ਦਲੇਰੀ ਦੇਵੇ: ਪਾਪ ਦੇ ਖ਼ਿਲਾਫ਼ ਬੋਲਣ ਦੀ ਦਲੇਰੀ ਭਾਵੇਂ ਉਹ

ਉੱਚੀਆਂ ਥਾਂਵਾਂ ਤੇ ਹੋਣ ਜਾਂ ਹੇਠਾਂ: ਲੋਕਾਂ ਨੂੰ ਨਿੱਜੀ ਤੌਰ ਤੇ ਜਾ ਕੇ ਉਨ੍ਹਾਂ ਦੇ ਪਾਪ ਬਾਰੇ ਦੱਸਣ ਦੀ ਦਲੇਰੀ; ਲੋਕਾਂ ਦੀ ਲੋੜ ਮੁਤਾਬਕ ਬੋਲਣ ਦੀ ਦਲੇਰੀ, ਜ਼ਰੂਰੀ ਨਹੀਂ ਕਿ ਉਹ ਜੋ ਸੁਣਨਾ ਚਾਹੁੰਦੇ ਹਨ; ਕਿਸੇ ਵੀ ਸੰਭਵ ਨਤੀਜੇ ਦੇ ਬਾਵਜੂਦ ਸੱਚਿਆਈ ਦਾ ਪੱਖ ਲੈਣ ਦੀ ਦਲੇਰੀ। ਯਿਸੂ ਅੱਜ ਵੀ ਸਾਡੇ ਵਿੱਚੋਂ ਹਰ ਕਿਸੇ ਨੂੰ ਚੁਣੌਤੀ ਦਿੰਦਾ ਹੈ: ''... ਵਫ਼ਾਦਾਰ ਰਹਿ, ਭਾਵੇਂ ਤੈਨੂੰ ਮਰਨਾ ਵੀ ਪਵੇ। ਜੇ ਤੂੰ ਵਫ਼ਾਦਾਰ ਰਹੇਂ ਤਾਂ ਮੈਂ ਤੈਨੂੰ ਜ਼ਿੰਦਗੀ ਦਾ ਤਾਜ ਦਿਆਂਗਾ'' (ਪ੍ਰਕਾਸ਼ ਦੀ ਪੋਥੀ 2:10; ਨਿਊ ਸੈਂਚੁਰੀ ਵਰਜ਼ਨ )।

## ਸਾਰ

ਯੂਹੰਨਾ ''... ਉਜਾੜ ਵਿਚ ਹੋਕਾ ਦਿੰਦੀ ਇਕ ਅਵਾਜ'' ਸੀ:

... ਖੁਦਗਰਜ਼ੀ ਦੇ ਉਜਾੜ ਵਿਚ ''ਆਪਣਾ ਇਨਕਾਰ ਕਰਨ ਦਾ''
ਹੋਕਾ ਦਿੰਦੀ ਅਵਾਜ਼।
... ਆਤਮ ਸੰਤੋਸ਼ ਦੇ ਉਜਾੜ ਵਿਚ ''ਆਪਣਾ ਇਨਕਾਰ ਕਰਨ ਦਾ''
ਹੋਕਾ ਦਿੰਦੀ ਅਵਾਜ਼।
... ਸ਼ੱਕ ਦੇ ਉਜਾੜ ਵਿਚ ''ਯਕੀਨ'' ਕਰਨ ਦਾ ਹੋਕਾ ਦਿੰਦੀ ਅਵਾਜ਼।
... ਹੰਕਾਰ ਦੇ ਉਜਾੜ ਵਿਚ ''ਹਲੀਮ ਬਣਨ'' ਦਾ ਹੋਕਾ ਦਿੰਦੀ ਅਵਾਜ਼।
... ਬੁਜ਼ਦਿਲੀ ਦੇ ਉਜਾੜ ਵਿਚ ''ਬਹਾਦੁਰ ਬਣਨ'' ਦਾ ਹੋਕਾ ਦਿੰਦੀ ਅਵਾਜ਼।

ਯੂਹੰਨਾ ਅਜਿਹੀ ਅਵਾਜ਼ ਕਿਵੇਂ ਬਣ ਸਕਿਆ? ਉਹਦਾ ਭੇਤ ਕੀ ਸੀ? ਉਹ ਪੂਰੀ ਤਰ੍ਹਾਂ ਨਾਲ ਖ਼ੁਦਾ ਅਤੇ ਉਸਦੀ ਮਰਜ਼ੀ ਨੂੰ ਪੂਰਾ ਕਰਨ ਲਈ ਸਮਰਪਿਤ ਸੀ। ਇਸ ਕਾਰਣ ਉਸ ਵਿਚ ਦੂਜਿਆਂ ਨਾਲੋਂ ਹਟ ਕੇ ਹੋਣ ਦੀ ਹਿੰਮਤ ਸੀ। ਉਹ ਉੱਥੇ ਬੋਲਣ ਨੂੰ ਤਿਆਰ ਸੀ, ਜਿੱਥੇ ਦੂਜਿਆਂ ਦੀ ਅਵਾਜ਼ ਖ਼ਾਮੋਸ਼ ਹੋ ਚੁਕੀ ਸੀ।

ਖ਼ੁਦਾ ਅੱਜ ਸਾਨੂੰ ਯੂਹੰਨਾ ਵਰਗੇ ਹੋਰ ਮਰਦ ਅਤੇ ਔਰਤਾਂ ਦੇਵੇ। ਖ਼ੁਦਾ ਸਾਡੇ ਵਿੱਚੋਂ ਹਰ ਕਿਸੇ ਦੀ ਹੋਰ ਵੀ ਯੂਹੰਨਾ ਵਰਗਾ *ਬਣਨ* ਵਿਚ ਮਦਦ ਕਰੇ![22]

---

ਟਿੱਪਣੀਆਂ

[1]ਇਸ ਸਰਮਨ ਵਿਚ ਕਿਤੇ ਤੁਸੀਂ ''ਬਪਤਿਸਮਾ ਦੇਣ ਵਾਲੇ'' ਦਾ ਅਰਥ ਪੁੱਛਣ ਲਈ ਆਖ ਸਕਦੇ ਹੋ। [2]ਤੁਹਾਨੂੰ ਚਾਹੀਦਾ ਹੈ ਕਿ ਇਹ ਸਮਝਾਓ ਕਿ ਕਿਵੇਂ ਦੂਤ ਜਾਂ ਹਰਕਾਰੇ ਆਉਣ ਵਾਲੇ ਰਾਜੇ ਦਾ ਐਲਾਨ ਹੀ ਨਹੀਂ ਕਰਦੇ ਸਨ, ਬਲਕਿ ਜ਼ਰੂਰੀ ਉਪਾਅ ਕਰਵਾ ਕੇ ਅਤੇ (ਜਿਵੇਂ ਇਸ ਲਿਖਤ ਵਿਚ ਜ਼ੋਰ ਦਿੱਤਾ ਗਿਆ ਹੈ) ਉਸ ਰਾਹ ਨੂੰ ਤਿਆਰ ਕਰਵਾ ਕੇ ਜਿਥੋਂ ਦੀ ਉਸ ਨੇ ਆਉਣਾ ਹੋ ਸਕਦਾ ਸੀ ਉਸ ਦੇ ਆਉਣ ਦੀ ਤਿਆਰੀ ਵੀ ਕਰਦੇ ਸਨ। [3]ਇਸ ਸਰਮਨ ਤੇ ਮੇਰੇ ਨੋਟਸ ਕਈ ਸਾਲਾਂ ਤਕ ਇਧਰੋਂ ਉਧਰੋਂ ਸੰਭਾਲ ਕੇ ਰੱਖਣਾ ਸ਼ੁਰੂ ਕਰਨ ਤੋਂ ਪਹਿਲਾਂ ਬਣਾਏ ਗਏ ਸਨ। ਜੇ ਕਿਸੇ ਨੂੰ ਉਸਦੇ ਕੰਮ ਲਈ ਉਹਦਾ ਨਾਂਅ ਦੇਣੋ ਛੁੱਟ ਗਿਆ ਹੋਵੇ ਤਾਂ ਇਸ ਲਈ ਮੈਂ ਪਹਿਲਾਂ ਹੀ ਮਾਫ਼ੀ ਮੰਗ ਲੈਂਦਾ ਹਾਂ। [4]ਇਸ ਪ੍ਰਸੰਗ ਵਿਚ, ''ਟਿੱਡੀਆਂ'' ਉਨ੍ਹਾਂ ਨੂੰ ਨਹੀਂ ਕਿਹਾ ਗਿਆ ਜਿਨ੍ਹਾਂ ਨੂੰ ਸਾਡੇ ਵਿੱਚੋਂ ਜ਼ਿਆਦਾਤਰ ਲੋਕ ਪੁਕਾਰਦੇ ਹਨ। ''ਟਿੱਡਿਆਂ'' ਤੇ ਵਿਚਾਰ ਕਰੋ, ਅਤੇ ਤੁਸੀਂ ਗਲਤ ਨਹੀਂ ਹੋਵੋਗੇ। [5]ਮੈਂ ਪ੍ਰਭੂ ਦਾ ਧੰਨਵਾਦ ਕਰਦਾ ਹਾਂ ਕਿ ਮੈਨੂੰ ਅਜਿਹੀ ਵਿਰਾਸਤ ਮਿਲੀ। ਜੇ ਤੁਹਾਨੂੰ ਵੀ ਅਜਿਹੀ ਬਰਕਤ ਮਿਲੀ ਸੀ, ਤਾਂ ਤੁਹਾਨੂੰ ਚਾਹੀਦਾ ਹੈ ਕਿ ਦੱਸੋ। [6]ਇਸ ਕਹਾਣੀ ਦੇ ਵੇਰਵੇ ਲਈ *ਮਸੀਹ ਦੀ ਜ਼ਿੰਦਗੀ, 2* ਕਿਤਾਬ ਵਿਚ ''ਮਸੀਹ ਆ ਰਿਹਾ ਹੈ!'' ਪਾਠ ਵੇਖੋ। ਜੇ ਤੁਹਾਡੇ ਸੁਣਨ ਵਾਲੇ ਇਸ ਕਹਾਣੀ ਤੋਂ ਜਾਣੂ ਨਹੀਂ

ਹਨ, ਤਾਂ ਤੁਹਾਨੂੰ ਚਾਹੀਦਾ ਹੈ ਕਿ ਕੁਝ ਮਿੰਟ ਇਸ ਤੇ ਵਿਚਾਰ ਕਰੋ। [7]ਲੂਕਾ 1:80 ਵਿਚ ਅਨੁਵਾਦ ਹੋਇਆ ''ਉਜਾੜ'' ਦਾ ਮੂਲ ਯੂਨਾਨੀ ਸ਼ਬਦ ਉਹੀ ਹੈ, ਜਿਸ ਤੋਂ ਯੂਹੰਨਾ 1:23 ਵਾਲਾ ''ਉਜਾੜ'' ਸ਼ਬਦ ਲਿਆ ਗਿਆ ਹੈ। [8]ਕਈਆਂ ਦਾ ਸੁਝਾਅ ਹੈ ਕਿ ਛੋਟੀ ਉਮਰੇ ਹੀ ਉਸ ਦੇ ਮਾਤਾ ਪਿਤਾ ਦੀ ਮੌਤ ਹੀ ਗਈ ਸੀ, ਜਿਸ ਕਾਰਣ ਉਹ ਉਜਾੜ ਵਿਚ ਚਲਿਆ ਗਿਆ ਪਰ ਇਹ ਸਿਰਫ਼ ਅੰਦਾਜ਼ਾ ਹੀ ਹੈ। [9]ਕੁਝ ਵਿਦਵਾਨਾਂ ਦਾ ਮੰਨਣਾ ਹੈ ਕਿ ਸਦੂਮ ਅਤੇ ਅਮੂਰਾਹ ਉੱਥੇ ਜਾਂ ਉਸ ਦੇ ਨਜ਼ਦੀਕੀ ਸ਼ਹਿਰ ਸਨ, ਜਿੱਥੇ ਯਰਦਨ ਦਰਿਆ ਖਾਰੇ ਸਮੁੰਦਰ ਵਿਚ ਪੈਂਦਾ ਸੀ। [10]ਮੇਰੇ ਨੋਟਸ ਵਿਚ, ਆਤਮ ਸੰਜਮ ਦੀ ਉਦਾਹਰਣ ਹੈ ਜੋ ਉੱਥੇ ਢੁਕਦੀ ਹੈ ਜਿੱਥੇ ਮੈਂ ਰਹਿੰਦਾ ਹਾਂ। ਆਪਣੇ ਸੁਣਨ ਵਾਲਿਆਂ ਲਈ ਢੁਕਵਾਂ ਬਣਾਉਣ ਲਈ ਵਿਸਤਾਰ ਦਿਓ। ਜੇ ਤੁਸੀਂ ਅਜਿਹੇ ਮਾਹੌਲ ਵਿਚ ਰਹਿੰਦੇ ਹੋ ਜਿੱਥੇ ਕੁਝ ਵਿਲਾਸਤਾ ਹੈ, ਤਾਂ ਵੀ ਇਹ ਲਾਗੂ ਕੀਤੇ ਜਾ ਸਕਦੇ ਹਨ।

[11]ਗਲਾਤੀਆਂ 4:4. [12]''ਅਟੈਕ'' ਹਮਲਾ ਕਰਨ ਲਈ ਕਿਹਾ ਜਾਂਦਾ ਹੈ। [13]ਇਸ ਆਇਤ ਵਿਚ ਅਸੀਂ ਵਧਦੇ ਹੋਏ ਵਿਸਤਾਰ ਵਿਚ ਜਿੱਥੇ ਤੁਸੀਂ ਰਹਿੰਦੇ ਹੋ, ਉੱਥੇ ਇਸ ਦੇ ਪ੍ਰਸੰਗ ਨੂੰ ਦੱਸੋ। ਯੂਹੰਨਾ ਦੀਆਂ ਕਈ ਗੱਲਾਂ ਮੈਨੂੰ ਮੁਜਰਮ ਠਹਿਰਾਉਂਦੀਆਂ ਹਨ (ਜਿਵੇਂ ''ਸੰਤੋਖ ਕਰਨਾ'' ਸ਼ਬਦ)। [14]*ਮਸੀਹ ਦੀ ਜ਼ਿੰਦਗੀ, 1* ਵਿਚ ਯਿਸੂ ਦੇ ਬਪਤਿਸਮੇ ਦੀ ਕਹਾਣੀ ਦੀ ਚਰਚਾ ਕੀਤੀ ਗਈ ਹੈ। ਜੇ ਤੁਹਾਡੇ ਵਿਦਿਆਰਥੀ ਇਸ ਕਹਾਣੀ ਤੋਂ ਜਾਣੂ ਨਹੀਂ ਹਨ ਤਾਂ ਇਨ੍ਹਾਂ ਘਟਨਾਵਾਂ ਨੂੰ ਵਿਸਤਾਰ ਨਾਲ ਦੱਸੋ। [15]ਇਹ ਵਾਕ ਚਾਰਲਸ ਆਰ. ਸਵਿੰਡਲ, *ਜੌਨ ਦ ਬੈਪਟਾਈਜ਼ਰ* (ਅਨਾਹੇਮ, ਕੈਲੀਫ਼ੋਰਨੀਆ: ਇਨਸਾਈਟ ਫ਼ਾਰ ਲਿਵਿੰਗ, 1991), 3 ਤੋਂ ਲਿਆ ਗਿਆ ਹੈ। [16]''ਯੂਹੰਨਾ ਦੀ ਹਲੀਮੀ ਦੀ ਰੌਸ਼ਨੀ ਵਿਚ, ਇਹ ਮਜ਼ਾਕ ਵਾਲੀ ਗੱਲ ਹੀ ਹੈ ਕਿ ਕੁਝ ਲੋਕਾਂ ਨੇ ਉਸ ਨੂੰ ਉਹ ਰੁਤਬਾ ਦੇਣ ਦੀ ਕੋਸ਼ਿਸ਼ ਕੀਤੀ ਹੈ ਜੋ ਉਸ ਨੇ ਆਪਣੇ ਲਈ ਕਦੇ ਨਹੀਂ ਚਾਹਿਆ ਸੀ। ਅਤੀਤ ਵਿਚ ਯੂਹੰਨਾ ਵੇਲੇ ਵਿਚ ਰਾਜ/ਕਲੀਸੀਆ ਦੇ ਕਾਇਮ ਹੋਣ ਦੀ ਗੱਲ ਕਰਨ ਦੀ ਲੋੜ ਨਹੀਂ ਸੀ ਪਰ ਮੱਤੀ ਅਧਿਆਇ 14 ਵਿਚ ਯੂਹੰਨਾ ਦੀ ਮੌਤ ਦੀ ਗੱਲ ਅਤੇ ਅਧਿਆਇ 16 ਵਿਚ ਰਾਜ/ਕਲੀਸੀਆ ਦੀ ਸਥਾਪਨਾ ਦੇ ਵਾਇਦੇ ਦੀ ਗੱਲ ਦੱਸਦਾ ਹੈ। *ਮਸੀਹ ਦੀ ਜ਼ਿੰਦਗੀ, 2* ਵਿਚ ''ਕੀ ਯਿਸੂ ਨੂੰ ਧਿਆਨ ਹੈ?'' ਪਾਠ ਵਿਚ ਲੂਕਾ 7:28 ਤੇ ਟਿੱਪਣੀਆਂ ਤੇ ਵਿਚਾਰ ਕਰੋ। ਬੀਤੇ ਸਮੇਂ ਵਿਚ ਕੁਝ ਲੋਕ ਆਪਣੇ ਆਪ ਨੂੰ ''ਬੈਪਟਿਸਟ'' ਅਖਆਉਣ ਨੂੰ ਸਹੀ ਠਹਿਰਾਉਣ ਲਈ ਇਸ ਸ਼ਬਦ ਦੀ ਵਰਤੋਂ ਕਰਦੇ ਸਨ। ਤੁਹਾਨੂੰ ਚਾਹੀਦਾ ਹੈ ਕਿ ਵਿਸਤਾਰ ਵਿਚ ਸਮਝਾਓ ਕਿ ''ਬੈਪਟਿਸਟ'' ਸ਼ਬਦ ਦਾ ਕੀ ਅਰਥ ਹੈ। [17]ਉਦਾਹਰਣ ਲਈ ਜੇਲ੍ਹ ਵਿਚ ਯੂਹੰਨਾ ਦੇ ਕੁਝ ਦੇਰ ਤਕ ਦੇ ਰਹਿਣ ਦਾ ਵਿਰਤਾਂਤ ਸਰਮਨ ਵਿਚ ਨਹੀਂ ਹੈ। ਇਹ ਘਟਨਾ ਦਿਲਚਸਪ ਹੈ (*ਮਸੀਹ ਦੀ ਜ਼ਿੰਦਗੀ, 2* ਕਿਤਾਬ ਵਿਚ ''ਕੀ ਯਿਸੂ ਨੂੰ ਧਿਆਨ ਹੈ?'' ਪਾਠ ਦਾ ਅਧਿਐਨ ਕਰੋ), ਪਰ ਇਹ ਪੇਸ਼ਕਸ਼ ਦੀ ਆਮ ਸ਼ਬਦਾਵਲੀ ਨਾਲ ਮੇਲ ਨਹੀਂ ਖਾਂਦਾ। [18]ਬਾਅਦ ਵਿਚ ਇਹ ਦੱਸਿਆ ਗਿਆ ਹੈ ਕਿ ਹੇਰੋਦੇਸ ਯੂਹੰਨਾ ਨੂੰ ਖੁਸ਼ੀ ਨਾਲ ਸੁਣਦਾ ਸੀ (ਮਰਕੁਸ 6:20), ਇਸ ਲਈ ਉਹ ਸੰਭਾਵਨਾ ਦੇ ਦਾਇਰੇ ਵਿਚ ਨਹੀਂ ਆਉਂਦਾ। [19]ਇਸ ਆਇਤ ਵਿਚ ਲਿਖੀ ਕੁਝ ਸਚਿਆਈ ''ਆਤਮ ਸੰਤੋਸ਼ ਦੇ ਉਜਾੜ ਵਿਚ 'ਆਪਣੇ ਰਾਹ ਬਣਨ' ਦੀ ਪੁਕਾਰ ਦੀ ਅਵਾਜ'' ਸਿਰਲੇਖ ਦੇ ਹੇਠਾਂ ਦਿੱਤੀ ਗਈ ਸਚਿਆਈ ਨਾਲ ਮਿਲੀ ਜੁਲੀ ਹੈ। ਮੈਨੂੰ ਦੁਹਰਾਉਣ ਵਿਚ ਕੋਈ ਇਤਰਾਜ਼ ਨਹੀਂ ਹੈ ਕਿ ਇਸ ਨਾਲ ਸਚਿਆਈ ਦੇ ਮਹੱਤਵ ਨੂੰ ਕਾਇਮ ਕਰਨ ਵਿਚ ਮਦਦ ਮਿਲਣੀ ਚੀਹਦੀ ਹੈ। [20]ਹੇਰੋਦੇਸ ਅਤੇ ਹੇਰੋਦਿਆਸ ਨੂੰ ਨਵੇਂ ਨੇਮ ਦੇ ਅਹਾਬ ਅਤੇ ਈਜ਼ਬੇਲ ਆਖਿਆ ਗਿਆ ਹੈ।

[21]ਜੇ ਤਹਾਡੇ ਸੁਣਨ ਵਾਲੇ ਇਸ ਕਹਾਣੀ ਤੋਂ ਜਾਣੂ ਨਹੀਂ ਹਨ, ਤਾਂ ਤੁਹਾਨੂੰ ਚਾਹੀਦਾ ਹੈ ਕਿ ਇਸ ਨੂੰ ਵਿਸਤਾਰ ਵਿਚ ਦੱਸੋ (ਇਸ ਕਿਤਾਬ ਵਿਚ ਪਹਿਲਾਂ ਆਏ ਪਾਠ ''ਕਾਮਯਾਬੀ ਦਾ ਖ਼ਤਰਾ'' ਤੇ ਅਧਿਐਨ ਕਰੋ)। [22]ਜੇ ਤੁਸੀਂ ਇਸ ਦੀ ਵਰਤੋਂ ਸਰਮਨ ਅਤੇ ਇੰਜੀਲ ਨੂੰ ਮੰਨਣ ਦੇ ਮੌਕੇ ਦੀ ਪੇਸ਼ਕਸ਼ ਦੇ ਰੂਪ ਵਿਚ ਕਰਦੇ ਹੋ ਤਾਂ ਇਹ ਜ਼ੋਰ ਦਿਓ ਕਿ ਲੋਕਾਂ ਨੂੰ ਸੱਦਾ ਪ੍ਰਭੂ ਨੂੰ ਆਪਣੀ ਜ਼ਿੰਦਗੀ ਦੇਣ ਲਈ ਹੈ। ਇਸ ਗੱਲ ਤੇ ਜ਼ੋਰ ਦਿਓ ਕਿ ਵਿਸ਼ਵਾਸ ਅਤੇ ਹੁਕਮ ਮੰਨਣ ਲਈ ਨਵੇਂ ਨੇਮ ਵਿਚ ਕਿਹਾ ਗਿਆ (ਮਰਕੁਸ 16:15, 16; ਰਸੂਲਾਂ ਦੇ ਕੰਮ 2:38) ਇਹ ਪ੍ਰਤੀਕਿਰਿਆ ਹੈ ਜੋ ਪ੍ਰਭੂ ਨੂੰ ਆਖਦੀ ਹੈ ਕਿ ''ਮੈਂ ਆਪਣੀ ਜ਼ਿੰਦਗੀ ਤੈਨੂੰ ਦੇ ਰਿਹਾ ਹਾਂ ਅਤੇ ਜੋ ਕੁਝ ਵੀ ਤੂੰ ਚਾਹੁੰਦਾ ਹੈ ਕਿ ਮੈਂ ਕਰਾਂ, ਮੈਂ ਉਹੀ ਕਰਾਂਗਾ।''